## DI ਦਫਤਰਾਂ ਦੀ ਥਾਂ ਅਤੇ ਡਾਕ ਪਤੇ

Chico ................................... 645 Salem Street
(PO Box 8190, Chico, CA 95927-8190)

Chino Hills .. 15315 Fairfield Ranch Road, Ste. 100
(PO Box 60006, City of Industry, CA 91716-0006)

Fresno .......... 2550 Mariposa Mall, Rm. 1080A
(PO Box 32, Fresno, CA 93707-0032)

Long Beach ... 4300 Long Beach Blvd., Ste. 600
(PO Box 469, Long Beach, CA 90801-0469)

Los Angeles ...... 888 S. Figueroa Street, Ste. 200
(PO Box 513096, Los Angeles, CA 90051-1096)

Oakland ........... 7677 Oakport Street, Ste. 325
(PO Box 1857, Oakland, CA 94606-1857)

Sacramento ............................ 5009 Broadway
(PO Box 13140, Sacramento, CA 95813-3140)

San Bernardino ................ 371 West 3rd Street
(PO Box 781, San Bernardino, CA 92402-0781)

San Diego .. 9246 Lightwave Avenue, Bldg. A, Ste. 300
(PO Box 120831, San Diego, CA 92112-0831)

San Francisco ....... 745 Franklin Street, Rm. 300
(PO Box 193534, San Francisco, CA 94119-3534)

San Jose .................... 297 West Hedding Street
(PO Box 637, San Jose, CA 95106-0637)

Santa Ana .. 605 West Santa Ana Blvd., Bldg. 28, Rm. 735
(PO Box 1466, Santa Ana, CA 92702-1466)

Santa Barbara ................ 128 East Ortega Street
(PO Box 1529, Santa Barbara, CA 93102-1529)

Santa Rosa ................ 606 Healdsburg Avenue
(PO Box 700, Santa Rosa, CA 95402-0700)

Stockton ............ 3127 Transworld Dr., Ste. 150
(PO Box 201006, Stockton, CA 95201-9006)

ਕੈਲੀਫੋਰਨੀਆ ਸਟੇਟ ਦੇ ਸਰਕਾਰੀ ਕਰਮਚਾਰੀ
(PO Box 2168, Stockton, CA 95201-2168)

Van Nuys .......... 15400 Sherman Way, Rm. 500
(PO Box 10402, Van Nuys, CA 91410-0402)

**ਕੈਲੀਫ਼ੋਰਨੀਆ ਸਟੇਟ**

**ਲੇਬਰ ਅਤੇ ਵਰਕਫੋਰਸ ਡਿਵੈਲਪਮੈਂਟ ਅਜੈਂਸੀ**

**ਇੰਪਲੋਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ**

*ਇਹ ਇਸ਼ਤਿਹਾਰ ਸਿਰਫ਼ ਸਧਾਰਣ ਜਾਣਕਾਰੀ ਲਈ ਹੈ ਅਤੇ ਇਸ ਵਿੱਚ ਕਨੂੰਨ,ਨਿਯਮ ਜਾਂ ਕਾਇਦੇ ਦੀ ਤਾਕਤ ਜਾਂ ਪ੍ਰਭਾਵ ਨਹੀਂ ਹੈ।*

EDD ਇੱਕ ਬਰਾਬਰ ਮੌਕਿਆਂ ਦਾ ਨਿਯੋਕਤਾ/ਪ੍ਰੋਗਰਾਮ ਹੈ। ਅਪਾਹਜ ਵਿਅਕਤੀਆਂ ਲਈ, ਬੇਨਤੀ ਉਪਰ ਸਹਾਇਕ ਏਡਜ਼ ਅਤੇ ਸੇਵਾਵਾਂ ਉਪਲਭਦ ਹਨ। ਸੇਵਾਵਾਂ, ਏਡਜ਼, ਅਤੇ/ਜਾਂ ਵਟਾਵੇਂ ਫਾਰਮੈਟ ਲਈ ਬੇਨਤੀਆਂ 1-866-490-8879 (ਵਾਇਸ) ਜਾਂ 711 ਤੇ ਕੈਲੀਫੋਰਨੀਆ ਰਿਲੇ ਸੇਵਾਵਾਂ ਦੇ ਜਰੀਏ ਤੇ ਕਾਲ ਕਰਕੇ ਕੀਤੀਆਂ ਜਾਣ।



Employment Development Department
State of California

# ਅਸਮਰੱਥਾ ਬੀਮੇ ਦਾ ਪ੍ਰਬੰਧ





**ਅਸਮਰੱਥਾ** ਇਕ ਬਿਮਾਰੀ ਜਾਂ ਸੱਟ, ਸਰੀਰਕ ਜਾਂ ਮਾਨਸਕ, ਹੁੰਦੀ ਹੈ ਜੋ ਰਵਾਇਤੀ ਕੰਮ ਕਰਨ ਤੋਂ ਰੋਕਦੀ ਹੈ। ਅਸਮਰੱਥਾ 'ਚ ਚੋਣਵੀਂ ਸਰਜਰੀ, ਗਰਭ ਅਵਸਥਾ, ਬੱਚੇ ਦਾ ਜਨਮ, ਜਾਂ ਸਬੰਧਤ ਚਿਕਿਤਸੀ ਹਾਲਾਤ ਸ਼ਾਮਲ ਹਨ।

**ਅਸਮਰੱਥਾ ਬੀਮਾ (DI)** ਰਾਜਕੀ ਅਸਮਰੱਥਾ ਬੀਮਾ (SDI) ਪ੍ਰੋਗਰਾਮ ਦਾ ਹਿੱਸਾ ਹੈ, ਜੋ ਗੈਰ-ਕੰਮ ਸਬੰਧੀ ਅਸਮਰੱਥਾ (ਕੰਮ ਸਬੰਧੀ ਅਸਮਰੱਥਾਵਾਂ ਲਈ "ਹੋਰ ਪ੍ਰੋਗਰਾਮ" ਵੇਖੋ) ਕਰਕੇ ਗੁਆਏ ਗਏ ਮਿਹਨਤਾਨਿਆਂ ਦੀ ਅੰਸ਼ਕ ਤੌਰ 'ਤੇ ਭਰਪਾਈ ਕਰਨ ਲਈ ਤਿਆਰ ਕੀਤਾ ਗਿਆ ਹੈ।

SDI ਪ੍ਰੋਗਰਾਮ 'ਚ ਸ਼ਾਮਲ ਕੈਲੀਫ਼ੋਰਨੀਆ ਕਰਮਚਾਰੀਆਂ ਦੁਆਰਾ SDI ਯੋਗਦਾਨਾਂ ਦਾ ਭੁਗਤਾਨ ਕੀਤਾ ਜਾਂਦਾ ਹੈ। ਸਾਲ ਦਰ ਸਾਲ ਯੋਗਦਾਨ ਦੀਆਂ ਦਰਾਂ ਵੱਢਰੀਆਂ ਹੋ ਸਕਦੀਆਂ ਹਨ। ਮੌਜੂਦਾ ਦਰਾਂ ਲਈ, **www.edd.ca.gov/disability** 'ਤੇ DI ਦੀ ਵੈਬਸਾਈਟ ਵੇਖੋ, ਜਾਂ 1-800-480-3287 'ਤੇ ਰੁਜ਼ਗਾਰ ਵਿਕਾਸ ਮਹਿਕਮਾ (EDD) ਅਸਮਰੱਥਾ ਬੀਮਾ ਗਾਹਕ ਸੇਵਾ ਜਾਂ 1-888-745-3886 'ਤੇ EDD ਰੁਜ਼ਗਾਰ ਟੈਕਸ ਗਾਹਕ ਸੇਵਾ ਨਾਲ ਸੰਪਰਕ ਕਰੋ।

### DI ਦੀਆਂ ਯੋਜਨਾਵਾਂ

- ਰਾਜਕੀ ਯੋਜਨਾ। DI ਰਾਜਕੀ ਯੋਜਨਾ ਇਸ ਬਰੋਸ਼ਰ 'ਚ ਸ਼ਾਮਲ ਕੀਤੀ ਗਈ ਹੈ।
- ਸਵੈਸੇਵੀ ਯੋਜਨਾ (VP)। ਇਕ ਨਿੱਜੀ ਯੋਜਨਾ, EDD ਦੇ ਡਾਇਰੈਕਟਰ ਵੱਲੋਂ ਪ੍ਰਵਾਨਤ, ਜੋ ਰਾਜਕੀ ਯੋਜਨਾ ਦੇ ਬਦਲੇ ਦਿੱਤੀ ਜਾ ਸਕਦੀ ਹੈ। ਜੇਕਰ ਮਾਲਕ ਅਤੇ ਜ਼ਿਆਦਾਤਰ ਕਰਮਚਾਰੀ ਇਸ ਲਈ ਸਹਿਮਤ ਹੋਣ ਤਾਂ ਸਵੈਸੇਵੀ ਯੋਜਨਾਵਾਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ। VP ਜਾਣਕਾਰੀ ਅਤੇ ਦਾਅਵਾ ਦਾਇਰ ਕਰਨਾ ਤੁਹਾਡੇ ਮਾਲਕ ਵੱਲੋਂ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ VP 'ਚ ਸ਼ਾਮਲ ਹੋ, ਤਾਂ ਹੋ ਸਕਦਾ ਹੈ ਕਿ ਇਸ ਬਰੋਸ਼ਰ 'ਚ ਮੌਜੂਦ ਇੰਤਜ਼ਾਮ ਤੁਹਾਡੇ ਉੱਤੇ ਲਾਗੂ ਨਾ ਹੋਣ। ਆਪਣੀ ਸੁਰੱਖਿਆ ਬਾਰੇ ਜਾਣਕਾਰੀ ਪ੍ਰਾਪਤ ਕਰੋ ਅਤੇ ਆਪਣੇ ਮਾਲਕ ਵੱਲੋਂ VP ਦਾਅਵਾ ਦਾਇਰ ਕਰੋ।
- ਚੋਣਵੀਂ ਸੁਰੱਖਿਆ (EC)। ਮਾਲਕ ਅਤੇ ਸਵੈ-ਰੁਜ਼ਗਾਰ ਵਾਲੇ ਕਰਮਚਾਰੀ, ਸਮਧਾਰਨ ਪਾਰਟਨਰਸ ਸਮੇਤ, ਸੁਰੱਖਿਆ ਦੀ ਚੋਣ ਕਰ ਸਕਦੇ ਹਨ। EC ਭਾਗੀਦਾਰਾਂ ਲਈ ਫ਼ਾਇਦਿਆਂ ਦਾ ਹਿਸਾਬ ਲਗਾਉਣ ਦੀ ਵਿਧੀ ਲਾਜ਼ਮੀ ਦਰ ਭੁਗਤਾਨਕਰਤਾਵਾਂ ਵਾਂਗ ਨਹੀਂ ਹੈ। ਭਾਗੀਦਾਰੀ ਦੀ ਲਾਗਤ, ਜੋ ਸਲਾਨਾ ਤੌਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ, ਤੁਹਾਡੀ ਸਥਾਨਕ EDD ਰੁਜ਼ਗਾਰ ਟੈਕਸ ਗਾਹਕ ਸੇਵਾ ਦੇ ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

  EC ਦੇ ਦਾਅਵੇ ਰਾਜਕੀ ਯੋਜਨਾਵਾਂ ਦੇ ਦਾਅਵਿਆਂ ਵਾਂਗ ਦਾਇਰ ਕੀਤੇ ਜਾਂਦੇ ਹਨ; ਹਾਲਾਂਕਿ, ਇਸ ਪੁਸਤਿਕਾ 'ਚ ਸੂਚੀਬੱਧ ਕੀਤੀਆਂ ਗਈਆਂ ਯੋਗਤਾ-ਸਬੰਧੀ ਸ਼ਰਤਾਂ ਦੇ ਮੁਕਾਬਲੇ ਕੁਝ ਫ਼ਰਕ ਮੌਜੂਦ ਹਨ।
- ਵਾਧੂ ਜਾਣਕਾਰੀ ਜਾਂ ਸੁਰੱਖਿਆ ਲਈ ਅਰਜ਼ੀ ਦੇਣ ਲਈ, 1-800-480-3287 'ਤੇ EDD DI ਗਾਹਕ ਸੇਵਾ, 1-888-745-3886 'ਤੇ EDD ਰੁਜ਼ਗਾਰ ਟੈਕਸ ਗਾਹਕ ਸੇਵਾ ਨਾਲ ਸੰਪਰਕ ਕਰੋ, ਜਾਂ **www.edd.ca.gov/disability** 'ਤੇ ਸਾਡੀ ਵੈਬਸਾਈਟ ਵੇਖੋ।

### ਰਾਜਕੀ ਯੋਜਨਾ ਦੇ ਫ਼ਾਇਦੇ ਪ੍ਰਾਪਤ ਕਰਨ ਦਾ ਤਰੀਕਾ

1. ਸੁਰੱਖਿਅਤ ਢੰਗ ਨਾਲ ਫਾਇਦਿਆਂ ਲਈ ਅਰਜੀ ਦਾਇਰ ਕਰਨ ਲਈ **SDI ਆਨਲਾਈਨ** ਦੀ ਵਰਤੋਂ ਕਰੋ ਜਾਂ ਇਕ ਕਾਗਜੀ ਦਾਅਵਾ ਫਾਰਮ ਲਈ ਆਨਲਾਈਨ ਬੇਨਤੀ ਕਰੋ।
   - ਇੰਟਰਨੈਟ ਰਾਹੀਂ: **www.edd.ca.gov/disability**।
   - ਫ਼ੋਨ ਰਾਹੀਂ: **1-800-480-3287**।
   - ਡਾਕ ਰਾਹੀਂ: EDD, ਅਸਮਰੱਥਾ ਬੀਮਾ, ਪੀ.ਓ. ਬਾਕਸ 989777, ਵੈਸਟ ਸੈਕਰਾਮੈਂਟੋ, ਸੀ.ਏ. 95798-9777।
   - "DI ਦੇ ਦਫ਼ਤਰਾਂ ਦੇ ਅਸਥਾਨ" ਹੇਠ ਸੂਚੀਬੱਧ ਕੀਤੇ ਗਏ DI ਦੇ ਕਿਸੇ ਵੀ ਦਫ਼ਤਰ 'ਚ ਵਿਅਕਤਕ ਤੌਰ 'ਤੇ ਜਾ ਕੇ।
   - SDI ਹੇਠ ਸੁਰੱਖਿਆ-ਪ੍ਰਾਪਤ ਕੈਲੀਫ਼ੋਰਨੀਆ ਰਾਜ ਸਰਕਾਰ ਦੇ ਕਰਮਚਾਰੀਆਂ ਨੂੰ **1-866-352-7675** 'ਤੇ ਕਾਲ ਕਰਨਾ ਚਾਹੀਦਾ ਹੈ।
2. SDI ਆਨਲਾਈਨ ਦੀ ਵਰਤੋਂ ਕਰਦਿਆਂ ਦਾਇਰ ਕਰਦੇ ਹੋਏ, ਸਭ ਲੋੜੀਂਦੇ ਫ਼ੀਲਡਸ ਭਰੋ। ਤੁਹਾਡਾ ਦਾਅਵਾ ਜਮ੍ਹਾਂ ਹੋਣ 'ਤੇ ਇਕ ਰਸੀਦ ਨੰਬਰ ਜਨਰੇਟ ਹੋਵੇਗਾ।

   ਜੇਕਰ ਕਾਗਜ਼ੀ *ਅਸਮਰੱਥਾ ਬੀਮਾ (DI) ਲਾਭਾਂ ਲਈ ਦਾਅਵਾ* (DE 2501) ਫਾਰਮ ਦੀ ਵਰਤੋਂ ਕਰ ਰਹੇ ਹੋ, ਤਾਂ ਭਾਗ A- ਦਾਅਵੇਦਾਰ ਦੇ ਬਿਆਨ ਨੂੰ ਭਰ ਕੇ ਉਸ 'ਤੇ ਦਸਤਖ਼ਤ ਕਰੋ। ਸਾਫ਼-ਸਾਫ਼ ਪ੍ਰਿੰਟ ਕਰੋ, ਅਤੇ ਇਹ ਜਾਂਚੋ ਕਿ ਤੁਹਾਡੇ ਜਵਾਬ ਪੂਰੇ ਹਨ ਅਤੇ ਉਨ੍ਹਾਂ 'ਚ ਸੁਧਾਰ ਕਰੋ ਕਿਉਂਕਿ ਤਰੁਟੀਆਂ ਕਰਕੇ ਭੁਗਤਾਨ 'ਚ ਦੇਰ ਹੁੰਦੀ ਹੈ।
3. ਆਪਣੇ ਡਾਕਟਰ/ਪ੍ਰੈਕਟੀਸ਼ਨਰ ਤੋਂ ਆਨਲਾਈਨ "ਭਾਗ B - ਡਾਕਟਰ/ਪ੍ਰੈਕਟੀਸ਼ਨਰ ਦਾ ਪ੍ਰਮਾਣੀਕਰਣ" ਭਰਵਾਓ ਜਾਂ ਕਾਗਜ਼ੀ ਦਾਅਵਾ ਫਾਰਮ ਦੀ ਵਰਤੋਂ ਕਰੋ। ਜੇਕਰ ਆਨਲਾਈਨ ਦਾਇਰ ਕਰ ਰਹੇ ਹੋ, ਤਾਂ "ਭਾਗ B - ਡਾਕਟਰ/ਪ੍ਰੈਕਟੀਸ਼ਨਰ ਦਾ ਪ੍ਰਮਾਣੀਕਰਣ" ਭਰਨ ਲਈ ਤੁਹਾਡੇ ਡਾਕਟਰ/ਪ੍ਰੈਕਟੀਸ਼ਨਰ ਨੂੰ ਤੁਹਾਡੇ ਰਸੀਦ ਨੰਬਰ ਦੀ ਲੋੜ ਹੋਵੇਗੀ।

   ਆਮ ਤੌਰ 'ਤੇ ਕਿਸੇ ਡਾਕਟਰ/ਪ੍ਰੈਕਟੀਸ਼ਨਰ ਦੁਆਰਾ ਤੁਹਾਡੀ ਜਾਂਚ ਕਰਨ ਜਾਂ ਉਸਦੀ ਦੇਖਭਾਲ ਹੇਠ ਹੋਣ ਤੋਂ ਸੱਤ ਤੋਂ ਜ਼ਿਆਦਾ ਦਿਨ ਪਹਿਲਾਂ ਇਕ ਦਾਅਵਾ ਸ਼ੁਰੂ ਨਹੀਂ ਹੋ ਸਕਦਾ। ਪ੍ਰਮਾਣੀਕਰਣ ਕਿਸੇ ਲਸੰਸਸ਼ੁਦਾ ਮੈਡੀਕਲ ਜਾਂ ਓਸਟਿਓਪੈਥਿਕ ਡਾਕਟਰ ਅਤੇ ਸਰਜਨ, ਨਰਸ ਪ੍ਰੈਕਟੀਸ਼ਨਰ, ਡਾਕਟਰ ਸਹਾਇਕ, ਕੀਰੋਪ੍ਰੈਕਟਰ, ਡੈਂਟਿਸਟ, ਪੋਡੀਆਟ੍ਰਿਸਟ, ਓਪਟੋਮੀਟ੍ਰਿਸਟ, ਨਾਮਜ਼ਦ ਮਨੋਵਿਗਿਆਨਿਕ, ਜਾਂ ਯੁਨਾਇਟੇਡ ਸਟੇਟ੍ਸ ਸਰਕਾਰੀ ਸੇਵਾ ਦੇ ਕਿਸੇ ਅਧਿਕ੍ਰਿਤ ਮੈਡੀਕਲ ਅਫ਼ਸਰ ਦੁਆਰਾ ਦਿੱਤਾ ਜਾ ਸਕਦਾ ਹੈ। ਪ੍ਰਮਾਣੀਕਰਣ ਕਿਸੇ ਲਸੰਸਸ਼ੁਦਾ ਨਰਸ-ਦਾਈ ਜਾਂ ਆਮ ਗਰਭ ਅਵਸਥਾ ਜਾਂ ਬੱਚੇ ਦੇ ਜਨਮ ਨਾਲ ਸਬੰਧਤ ਅਸਮਰੱਥਾ ਲਈ ਕਿਸੇ ਲਸੰਸਸ਼ੁਦਾ ਦਾਈ ਦੁਆਰਾ ਵੀ ਦਿੱਤਾ ਜਾ ਸਕਦਾ ਹੈ।
4. ਤੁਹਾਡੇ ਅਸਮਰੱਥ ਹੋਣ ਦੇ ਪਹਿਲੇ ਦਿਨ ਤੋਂ ਬਾਅਦ 49 ਦਿਨਾਂ ਦੇ ਅੰਦਰ ਆਨਲਾਈਨ ਅਰਜ਼ੀ ਦਾਇਰ ਕਰੋ ਜਾਂ ਆਪਣਾ ਕਾਗਜ਼ੀ ਦਾਅਵਾ ਫਾਰਮ ਪੇਸ਼ ਕਰੋ। ਜੇਕਰ ਤੁਹਾਡੇ ਦਾਅਵਾ ਦਾਇਰ ਕਰਨ 'ਚ ਦੇਰ ਹੰਦੀ ਹੈ, ਤਾਂ ਤੁਸੀਂ ਫ਼ਾਇਦੇ ਗੁਆ ਸਕਦੇ ਹੋ ਜਦੋਂ ਤਕ ਦੇਰੀ ਲਈ ਤੁਹਾਡੀ ਸਫ਼ਾਈ ਨੂੰ ਵਾਜਬ ਨਹੀਂ ਸਮਝਿਆ ਜਾਂਦਾ।

### ਫ਼ਾਇਦਿਆਂ ਦੇ ਭੁਗਤਾਨ ਦਾ ਤਰੀਕਾ

- ਇਲੈਕਟ੍ਰਾਨਿਕ ਢੰਗ ਨਾਲ ਜਾਂ ਡਾਕ ਰਾਹੀਂ SDI ਫ਼ਾਇਦਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ। ਅਰਜ਼ੀ ਦੇਣ ਜਾਂ ਫ਼ਾਇਦੇ ਪ੍ਰਾਪਤ ਕਰਨ ਲਈ ਤੁਹਾਨੂੰ ਵਿਅਕਤਕ ਤੌਰ ‘ਤੇ ਪੇਸ਼ ਹੋਣ ਦੀ ਲੋੜ ਨਹੀਂ ਹੈ।
- EDD Debit Card℠ ਰਾਹੀਂ ਫ਼ਾਇਦਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ। EDD ਡੈਬਿਟ ਕਾਰਡ℠ ਦੂਜੇ ਡੈਬਿਟ ਕਾਰਡਸ ਵਾਂਗ ਕੰਮ ਕਰਦਾ ਹੈ, ਇਹ ਤੁਹਾਨੂੰ ਰੋਜ਼ਾਨਾ 24 ਘੰਟੇ, ਹਫ਼ਤੇ ਦੇ 7 ਦਿਨ ਰਕਮ ਤਕ ਪਹੁੰਚ ਮੁਹੱਈਆ ਕਰਦਾ ਹੈ ਅਤੇ ਅਜਿਹੀ ਕਿਸੇ ਵੀ ਥਾਂ ‘ਤੇ ਵਰਤਿਆ ਜਾ ਸਕਦਾ ਹੈ ਜਿੱਥੇ Visa® ਡੈਬਿਟ ਕਾਰਡਸ ਸਵੀਕਾਰ ਕੀਤੇ ਜਾਂਦੇ ਹਨ। ਤੁਹਾਡਾ ਦਾਅਵਾ ਪ੍ਰਾਪਤ ਹੋਣ ‘ਤੇ, SDI ਆਨਲਾਈਨ, ਫ਼ੋਨ, ਜਾਂ ਡਾਕ ਰਾਹੀਂ ਵਾਧੂ ਜਾਣਕਾਰੀ ਲਈ ਤੁਹਾਨੂੰ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਆਦਾਤਰ ਠੀਕ ਤਰ੍ਹਾਂ ਭਰੇ ਗਏ ਦਾਅਵਿਆਂ ‘ਤੇ 14 ਦਿਨਾਂ ਦੇ ਅੰਦਰ ਕਾਰਵਾਈ ਕੀਤੀ ਜਾਂਦੀ ਹੈ।
- ਤੁਹਾਡੇ DI ਦਾਅਵੇ ਦੇ ਪਹਿਲੇ 7 ਦਿਨ ਗੈਰ-ਭੁਗਤਾਨ ਉਡੀਕ ਦੀ ਮਿਆਦ ਹੁੰਦੇ ਹਨ। ਜੇਕਰ ਪਹਿਲੇ ਦਾਅਵੇ ਦੇ 60 ਦਿਨਾਂ ਦੇ ਅੰਦਰ ਉਸੇ ਜਾਂ ਸਬੰਧਤ ਕਾਰਨ ਜਾਂ ਸਥਿਤੀ ਲਈ ਦਾਅਵਾ ਦਾਖਲ ਕੀਤਾ ਜਾਂਦਾ ਹੈ, ਤਾਂ ਇਹ ਪਹਿਲੇ ਦਾਅਵੇ ਦੀ ਨਿਰੰਤਰਤਾ ਦੀ ਤਰ੍ਹਾਂ ਪ੍ਰੋਸੇਸ ਕੀਤਾ ਜਾਵੇਗਾ ਜਿਸਦੇ ਲਈ ਉਡੀਕ ਦਾ ਸਮਾਂ ਪਹਿਲਾਂ ਹੀ ਪੂਰਾ ਕਰ ਲਿਆ ਗਿਆ ਸੀ। ਅਜਿਹੇ ਕੇਸਾਂ ਵਿੱਚ ਕੋਈ ਨਵਾਂ ਉਡੀਕ ਦਾ ਸਮਾਂ ਨਹੀ ਹੋਵੇਗਾ।

ਯੋਗਤਾ ਨਿਰਧਾਰਤ ਕਰਨ ਦੀ ਸਾਰੀ ਜਾਣਕਾਰੀ ਪ੍ਰਾਪਤ ਹੋਣ ਤੋਂ ਬਾਅਦ ਛੇਤੀ ਤੋਂ ਛੇਤੀ ਫ਼ਾਇਦਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ। ਜੇਕਰ ਤੁਸੀਂ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋ, ਤਾਂ ਫ਼ਾਇਦੇ ਅਧਿਕ੍ਰਿਤ ਕੀਤੇ ਜਾਣਗੇ। ਜੇਕਰ ਤੁਸੀਂ ਵਾਧੂ ਫ਼ਾਇਦਿਆਂ ਲਈ ਯੋਗ ਹੋ, ਤਾਂ ਤੁਹਾਨੂੰ ਇਲੈਕਟ੍ਰਾਨਿਕ ਢੰਗ ਨਾਲ ਵਾਧੂ ਫਾਇਦਿਆਂ ਲਈ ਅਧਿਕਾਰਤ ਕੀਤਾ ਜਾਵੇਗਾ ਜਾਂ ਤੁਹਾਨੂੰ ਅਗਲੀ ਫ਼ਾਇਦਾ ਮਿਆਦ ਲਈ ਭਰਨ ਲਈ ਇਕ ਜਾਰੀ ਅਸਮਰੱਥਾ ਲਾਭਾਂ ਲਈ ਦਾਅਵਾ (DE2500A) ਪ੍ਰਮਾਣੀਕਰਣ ਫਾਰਮ ਭੇਜਿਆ ਜਾਵੇਗਾ। ਆਮ ਤੌਰ ‘ਤੇ ਇਹ ਫ਼ਾਇਦਾ ਮਿਆਦਾਂ ਦੋ-ਹਫ਼ਤੇ ਦੀਆਂ ਹੁੰਦੀਆਂ ਹਨ ਹਾਲਾਂਕਿ, DI ਸੱਤ-ਦਿਨਾਂ ਦੇ ਹਫ਼ਤੇ ਅੰਦਰ ਦੈਨਿਕ ਯੋਗਤਾ ਦੇ ਅਧਾਰ ‘ਤੇ ਫ਼ਾਇਦਿਆਂ ਦਾ ਭੁਗਤਾਨ ਕਰਦੀ ਹੈ। ਅੰਸ਼ਕ ਹਫ਼ਤਿਆਂ ਲਈ ਦੈਨਿਕ ਦਰ ‘ਤੇ ਭੁਗਤਾਨ ਕੀਤਾ ਜਾਂਦਾ ਹੈ। ਇਹ ਦਰ ਤੁਹਾਡੀ ਹਫ਼ਤੇਵਾਰ ਫ਼ਾਇਦਾ ਰਕਮ ਦਾ ਸਤਵਾਂ ਹਿੱਸਾ ਹੈ। ਕਿਰਪਾ ਕਰਕੇ ਭੁਗਤਾਨ ਦੀ ਪ੍ਰਾਪਤੀ ਲਈ ਪ੍ਰਮਾਣੀਕਰਣ ਭੇਜਣ ਜਾਂ ਆਨਲਾਇਨ ਦਾਇਰ ਕਰਨ ਦੀ ਮਿਤੀ ਤੋਂ ਬਾਅਦ 10 ਦਿਨ ਦਿਓ।

### ਤੁਹਾਡੀ ਫ਼ਾਇਦਾ ਦਰ ਕਿੰਝ ਨਿਰਧਾਰਤ ਕੀਤੀ ਜਾਂਦੀ ਹੈ

ਫ਼ਾਇਦੇ ਦੀਆਂ ਰਕਮਾਂ 12-ਮਹੀਨਿਆਂ ਦੀ ਕਿਸੇ ਖ਼ਾਸ **ਮੂਲ ਮਿਆਦ**, ਤੁਹਾਡਾ ਦਾਅਵਾ ਸ਼ੁਰੂ ਹੋਣ ਦੀ ਮਿਤੀ ਦੁਆਰਾ ਨਿਰਧਾਰਤ ਕੀਤੀ ਗਈ, ਦੇ ਦੌਰਾਨ ਭੁਗਤਾਨ ਕੀਤੇ ਗਏ ਮਿਹਨਤਾਨਿਆਂ ‘ਤੇ ਅਧਾਰਤ ਹਨ। ਇਸ ‘ਤੇ ਧਿਆਨ ਦਿਓ ਕਿ ਤੁਹਾਡਾ ਦਾਅਵਾ ਕਦੋਂ ਸ਼ੁਰੂ ਕਰਨਾ ਹੈ ਕਿਉਂਕਿ ਇਹ ਤੁਹਾਡੀ ਹਫ਼ਤੇਵਾਰ ਫ਼ਾਇਦਾ ਦਰ, ਤੁਹਾਡੀ ਅਧਿਕਤਮ ਫ਼ਾਇਦਾ ਰਕਮ, ਅਤੇ ਫ਼ਾਇਦਿਆਂ ਲਈ ਤੁਹਾਡੀ ਯੋਗਤਾ ਦੀ ਮਿਆਦ ਨੂੰ ਪ੍ਰਭਾਵਤ ਕਰ ਸਕਦਾ ਹੈ।

ਤੁਹਾਡੇ ਫ਼ਾਇਦਿਆਂ ਦਾ ਹਿਸਾਬ ਲਗਾਉਣ ‘ਚ ਸਿਰਫ਼ SDI ਯੋਗਦਾਨਾਂ ਹੇਠ **ਮੂਲ ਮਿਆਦ** ਦੇ ਮਿਹਨਤਾਨੇ ਵਰਤੇ ਜਾ ਸਕਦੇ ਹਨ। ਯੋਗਤਾ ਪੂਰੀ ਕਰਨ ਲਈ, ਤੁਹਾਡੀ ਮੂਲ ਮਿਆਦ ਦੇ ਦੌਰਾਨ ਤੁਹਾਡੀ ਕਮਾਈ ਘੱਟੋ-ਘੱਟ $300 ਹੋਣੀ ਚਾਹੀਦੀ ਹੈ। ਤੁਹਾਡਾ ਦਾਅਵਾ ਸ਼ੁਰੂ ਹੋਣ ਦਾ ਮਹੀਨਾ ਇਹ ਨਿਰਧਾਰਤ ਕਰਦਾ ਹੈ ਕਿ ਕਿਹੜੀਆਂ ਲਗਾਤਾਰ ਤਿਮਾਹੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਜੇਕਰ ਤੁਹਾਡਾ ਦਾਅਵਾ ਸ਼ੁਰੂ ਹੁੰਦਾ ਹੈ:

- **ਜਨਵਰੀ, ਫਰਵਰੀ, ਜਾਂ ਮਾਰਚ ‘ਚ, ਤਾਂ ਤੁਹਾਡੀ ਮੂਲ ਮਿਆਦ 12 ਮਹੀਨੇ ਹੋਵਗੀ ਜੋ 30 ਸਤੰਬਰ ਨੂੰ ਖ਼ਤਮ ਹੋ ਜਾਵੇਗੀ।**
(ਉਦਾਹਰਨ: 14 ਫਰਵਰੀ, 2017 ਨੂੰ ਸ਼ੁਰੂ ਹੋਣ ਵਾਲਾ ਇਕ ਦਾਅਵਾ, 1 ਅਕਤੂਬਰ, 2015 ਤੋਂ ਲੈ ਕੇ 30 ਸਤੰਬਰ, 2016 ਤਕ ਦੀ ਮੂਲ ਮਿਆਦ ਦੀ ਵਰਤੋਂ ਕਰਦਾ ਹੈ।)
- **ਅਪ੍ਰੈਲ, ਮਈ, ਜਾਂ ਜੂਨ ‘ਚ, ਤਾਂ ਤੁਹਾਡੀ ਮੂਲ ਮਿਆਦ 12 ਮਹੀਨੇ ਹੋਵਗੀ ਜੋ 31 ਦਸੰਬਰ ਨੂੰ ਖ਼ਤਮ ਹੋ ਜਾਵੇਗੀ।**
(ਉਦਾਹਰਨ: 20 ਜੂਨ, 2017 ਨੂੰ ਸ਼ੁਰੂ ਹੋਣ ਵਾਲਾ ਇਕ ਦਾਅਵਾ, 1 ਜਨਵਰੀ, 2016 ਤੋਂ ਲੈ ਕੇ 31 ਦਸੰਬਰ, 2016 ਤਕ ਦੀ ਮੂਲ ਮਿਆਦ ਦੀ ਵਰਤੋਂ ਕਰਦਾ ਹੈ।)
- **ਜੁਲਾਈ, ਅਗਸਤ, ਜਾਂ ਸਤੰਬਰ ‘ਚ, ਤਾਂ ਤੁਹਾਡੀ ਮੂਲ ਮਿਆਦ 12 ਮਹੀਨੇ ਹੋਵਗੀ ਜੋ 31 ਮਾਰਚ ਨੂੰ ਖ਼ਤਮ ਹੋ ਜਾਵੇਗੀ।**
(ਉਦਾਹਰਨ: 27 ਸਤੰਬਰ, 2017 ਨੂੰ ਸ਼ੁਰੂ ਹੋਣ ਵਾਲਾ ਇਕ ਦਾਅਵਾ, 1 ਅਪ੍ਰੈਲ, 2016 ਤੋਂ ਲੈ ਕੇ 31 ਮਾਰਚ, 2017 ਤਕ ਦੀ ਮੂਲ ਮਿਆਦ ਦੀ ਵਰਤੋਂ ਕਰਦਾ ਹੈ।)
- **ਅਕਤੂਬਰ, ਨਵੰਬਰ, ਜਾਂ ਦਸੰਬਰ ‘ਚ, ਤਾਂ ਤੁਹਾਡੀ ਮੂਲ ਮਿਆਦ 12 ਮਹੀਨੇ ਹੋਵਗੀ ਜੋ 30 ਜੂਨ ਨੂੰ ਖ਼ਤਮ ਹੋ ਜਾਵੇਗੀ।**
(ਉਦਾਹਰਨ: 2 ਨਵੰਬਰ, 2017 ਨੂੰ ਸ਼ੁਰੂ ਹੋਣ ਵਾਲਾ ਇਕ ਦਾਅਵਾ, 1 ਜੁਲਾਈ, 2016 ਤੋਂ ਲੈ ਕੇ 30 ਜੂਨ, 2017 ਤਕ ਦੀ ਮੂਲ ਮਿਆਦ ਦੀ ਵਰਤੋਂ ਕਰਦਾ ਹੈ।)

ਅਪਵਾਦ: ਜੇਕਰ ਤੁਹਾਡਾ ਦਾਅਵਾ ਨਾਜਾਇਜ਼ ਠਹਿਰਾਇਆ ਜਾਂਦਾ ਹੈ, ਪਰ ਤੁਸੀਂ ਬੇਰੁਜ਼ਗਾਰ ਸੀ ਅਤੇ ਆਪਣੀ ਮੂਲ ਮਿਆਦ ਦੀ ਕਿਸੇ ਵੀ ਤਿਮਾਹੀ ‘ਚ 60 ਜਾਂ ਜ਼ਿਆਦਾ ਦਿਨਾਂ ਲਈ ਕੰਮ ਲੱਭ ਰਹੇ ਸੀ, ਤਾਂ ਤੁਸੀਂ ਪਿੱਛਲੀਆਂ ਤਿਮਾਹੀਆਂ ‘ਚ ਭੁਗਤਾਨ ਕੀਤੇ ਗਏ ਵਿਕਲਪਕ ਮਿਹਨਤਾਨਿਆਂ ਲਈ ਯੋਗ ਹੋ ਸਕਦੇ ਹੋ।

ਆਪਣੇ ਦਾਅਵੇ ਨੂੰ ਜਾਇਜ਼ ਠਹਿਰਾਉਣ ਜਾਂ ਆਪਣੇ ਫ਼ਾਇਦੇ ਦੀ ਰਕਮ ਨੂੰ ਵਧਾਉਣ ਲਈ ਤੁਸੀਂ ਪਿੱਛਲੀਆਂ ਤਿਮਾਹੀਆਂ ‘ਚ ਭੁਗਤਾਨ ਕੀਤੇ ਗਏ ਵਿਕਲਪਕ ਮਿਹਨਤਾਨਿਆਂ ਲਈ ਯੋਗ ਹੋ ਸਕਦੇ ਹੋ, ਜੇਕਰ ਤੁਹਾਡੀ ਮੂਲ ਅਵਧੀ ਦੇ ਦੌਰਾਨ:

- ਤੁਸੀਂ ਫ਼ੌਜੀ ਸੇਵਾ ‘ਚ ਸੀ।
- ਤੁਹਾਨੂੰ ਕਰਮਚਾਰੀਆਂ ਦੇ ਮੁਆਵਜ਼ੇ ਸਬੰਧੀ ਫ਼ਾਇਦੇ ਪ੍ਰਾਪਤ ਹੋਏ ਸਨ।
- ਤੁਸੀਂ ਮਜ਼ਦੂਰੀ ਤਕਰਾਰ ਕਰਕੇ ਕੰਮ ਨਹੀਂ ਕਰਦੇ ਸੀ।

ਜੇਕਰ ਤੁਹਾਡੀ ਸਥਿਤੀ ਉੱਪਰ ਦਿੱਤੀ ਗਈ ਕਿਸੇ ਵੀ ਸਥਿਤੀ ਨਾਲ ਮੇਲ ਖਾਂਦੀ ਹੈ, ਤਾਂ ਆਪਣੇ ਦਾਅਵਾ ਫਾਰਮ ‘ਚ ਇਕ ਪੱਤਰ ਅਤੇ ਸਮਰਥਨ ਦਸਤਾਵੇਜ਼ ਸ਼ਾਮਲ ਕਰੋ।

**ਮਿਹਨਤਾਨਾ ਜਾਰੀ ਰੱਖਣਾ।** ਜੇਕਰ ਤੁਹਾਡੇ DI ਦਾਅਵੇ ਦੇ ਦੌਰਾਨ ਤੁਹਾਡਾ ਮਾਲਕ ਤੁਹਾਨੂੰ ਮਿਹਨਤਾਨੇ ਦਾ ਭੁਗਤਾਨ ਕਰਨਾ ਜਾਰੀ ਰੱਖਦਾ ਹੈ, ਤਾਂ ਤੁਹਾਡੇ DI ਫ਼ਾਇਦੇ ਪ੍ਰਭਾਵਤ ਹੋ ਸਕਦੇ ਹਨ। DI ਫ਼ਾਇਦੇ ਅਤੇ ਮਿਹਨਤਾਨੇ ਤੁਹਾਡੇ ਨਿਯਮਿਤ ਹਫ਼ਤੇਗਾਰ ਮਿਹਨਤਾਨੇ ਤੋਂ ਜ਼ਿਆਦਾ ਨਹੀਂ ਹੋ ਸਕਦੇ। ਤੁਹਾਨੂੰ ਮਿਲਣ ਵਾਲੇ ਕਿਸੇ ਅਵਕਾਸ਼ ਭੁਗਤਾਨ ਕਰਕੇ DI ਫ਼ਾਇਦੇ ਪ੍ਰਭਾਵਤ ਨਹੀਂ ਹੁੰਦੇ।

**ਅਧਿਕਤਮ ਫ਼ਾਇਦੇ।** ਅਧਿਕਤਮ ਫ਼ਾਇਦਾ ਰਕਮ ਹਫ਼ਤੇਵਾਰ ਦਰ ਦੀ 52 ਗੁਣਾ ਹੁੰਦੀ ਹੈ, ਪਰ ਤੁਹਾਡੇ ਕੁੱਲ ਮੂਲ ਮਿਆਦ ਮਿਹਨਤਾਨੇ ਤੋਂ ਜ਼ਿਆਦਾ ਨਹੀਂ ਹੁੰਦੀ। ਅਪਵਾਦ: SDI ਸੁਰੱਖਿਆ ਦੀ ਚੋਣ ਕਰਨ ਵਾਲੇ ਮਾਲਕਾਂ ਅਤੇ ਸਵੈ-ਰੁਜ਼ਗਾਰ ਵਾਲੇ ਕਰਮਚਾਰੀਆਂ ਲਈ, ਅਧਿਕਤਮ ਫ਼ਾਇਦਾ ਰਕਮ ਹਫ਼ਤੇਵਾਰ ਦਰ ਦੀ 39 ਗੁਣਾ ਹੁੰਦੀ ਹੈ।

ਇਸਤੋਂ ਇਲਾਵਾ, ਕਿਸੇ ਸ਼ਰਾਬ ਰਿਕਵਰੀ ਹੋਮ ‘ਚ ਜਾਂ ਨਸ਼ੀਲੀ ਦਵਾਈਆਂ ਤੋਂ ਮੁਕਤ ਥਾਂ ‘ਤੇ, ਜੋ ਉਸ ਰਾਜ ਵੱਲੋਂ ਲਸੰਸਸ਼ੁਦਾ ਅਤੇ ਪ੍ਰਮਾਣਿਤ ਜਿੱਥੇ ਉਹ ਥਾਂ ਸਥਿਤ ਹੈ, ਕਿਸੇ ਨਿਵਾਸੀ ਨੂੰ ਸਿਰਫ਼ ਕੁਝ ਸੀਮਤ ਸਮੇਂ ਲਈ ਫ਼ਾਇਦਿਆਂ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਹਾਲਾਂਕਿ, ਸ਼ਰਾਬ ਦੀ ਗੰਭੀਰ ਜਾਂ ਪੁਰਾਣੀ ਲਤ ਜਾਂ ਨਸ਼ੀਲੀ ਦਵਾਈਆਂ ਦੀ ਵਰਤੋਂ ਨਾਲ ਸਬੰਧਤ ਜਾਂ ਉਸ ਕਰਕੇ ਹੋਣ ਵਾਲੀਆਂ ਅਸਮਰੱਥਾਵਾਂ, ਜਿਨ੍ਹਾਂ ਦਾ ਡਾਕਟਰੀ ਇਲਾਜ ਚੱਲ ਰਿਹਾ ਹੈ, ‘ਤੇ ਇਹ ਪਾਬੰਦੀ ਨਹੀਂ ਹੈ।

**ਗਰਭ ਅਵਸਥਾ।** ਜਿਵੇਂ ਕਿਸੇ ਵੀ ਡਾਕਟਰੀ ਹਾਲਤ ‘ਚ ਹੁੰਦਾ ਹੈ, ਤੁਹਾਡੇ ਦੁਆਰਾ ਆਪਣਾ ਨਿਯਮਿਤ ਜਾਂ ਰਵਾਇਤੀ ਕੰਮ ਕਰਨ ‘ਚ ਅਸਮਰੱਥ ਹੋਣ ਦੇ ਪਹਿਲੇ ਦਿਨ ਤੋਂ ਤੁਹਾਡੀ ਅਸਮਰੱਥਾ ਮਿਆਦ ਸ਼ੁਰੂ ਹੁੰਦੀ ਹੈ। DI ਫ਼ਾਇਦੇ ਸਮੇਂ ਦੀ ਉਸ ਮਿਆਦ ‘ਤੇ ਅਧਾਰਤ ਹੁੰਦੇ ਹਨ ਜਿਸ ਲਈ ਤੁਹਾਡਾ ਡਾਕਟਰ/ਪ੍ਰੈਕਟੀਸ਼ਨਰ ਇਹ ਪ੍ਰਮਾਣਿਤ ਕਰਦਾ ਹੈ ਕਿ ਤੁਸੀਂ ਆਪਣਾ ਨਿਯਮਿਤ ਜਾਂ ਰਵਾਇਤੀ ਕੰਮ ਕਰਨ ‘ਚ ਅਸਮਰੱਥ ਹੋ। ਜਿਸ ਮਿਤੀ ਤਕ ਤੁਹਾਡਾ ਆਪਣੇ ਡਾਕਟਰ/ਪ੍ਰੈਕਟੀਸ਼ਨਰ ਇਹ ਪ੍ਰਮਾਣਿਤ ਨਹੀਂ ਕਰਦਾ ਕਿ ਤੁਸੀਂ ਕੱਮ ਕਰਣ ਵਿਚ ਅਸਮਰੱਥ ਹੋ ਓਦੋਂ ਤਕ ਗਰਭ ਅਵਸਥਾ ਸਬੰਧੀ DI ਫ਼ਾਇਦਿਆਂ ਲਈ ਆਪਣਾ ਦਾਅਵਾ ਪੇਸ਼ ਨਾ ਕਰੋ।

ਨੋਟ: ਪੇਡ ਫੈਮਿਲੀ ਲੀਵ (PFL) ਸਬੰਧੀ ਫ਼ਾਇਦਿਆਂ ਬਾਰੇ ਜਾਣਕਾਰੀ ਲਈ, ਇਸ ਬਰੋਸ਼ਰ ਦਾ “ਹੋਰ ਪ੍ਰੋਗਰਾਮ” ਖੰਡ ਵੇਖੋ।

### ਸ਼ਾਇਦ ਤੁਸੀਂ ਫ਼ਾਇਦਿਆਂ ਲਈ ਯੋਗ ਨਾ ਹੋਵੋ

- ਜੇਕਰ ਤੁਹਾਨੂੰ ਬੇਰੁਜ਼ਗਾਰੀ ਬੀਮਾ ਜਾਂ PFL ਫ਼ਾਇਦੇ ਮਿਲ ਰਹੇ ਹਨ।
- ਜੇਕਰ ਤੁਹਾਡੀ ਅਸਮਰੱਥਤਾ ਸ਼ੁਰੂ ਹੋਣ ਵੇਲੇ, ਤੁਸੀਂ ਕੰਮ ਨਹੀਂ ਕਰ ਰਹੇ ਹੋ ਜਾਂ ਕੰਮ ਨਹੀਂ ਲੱਭ ਰਹੇ ਹੋ।
- ਜੇਕਰ ਤੁਸੀਂ ਕਿਸੇ ਜੁਰਮ ਲਈ ਸਜ਼ਾ ਕਰਕੇ ਹਿਰਾਸਤ ‘ਚ ਹੋ।
- ਜੇਕਰ ਪੂਰੇ ਮਿਹਨਤਾਨੇ ਦਾ ਭੁਗਤਾਨ ਕੀਤਾ ਜਾਂਦਾ ਹੈ।
- ਜੇਕਰ ਤੁਸੀਂ DI ਦਰ ਦੇ ਬਰਾਬਰ ਜਾਂ ਉਸਤੋਂ ਜ਼ਿਆਦਾ ਹਫ਼ਤੇਵਾਰ ਦਰ ‘ਤੇ ਕਰਮਚਾਰੀਆਂ ਦਾ ਮੁਆਵਜ਼ਾ ਪ੍ਰਾਪਤ ਕਰ ਰਹੇ ਹੋ। ਜੇਕਰ ਤੁਹਾਡੀ DI ਦਰ ਤੋਂ ਘੱਟ ਦਰ ‘ਤੇ ਕਰਮਚਾਰੀਆਂ ਦੇ ਮੁਆਵਜ਼ੇ ਸਬੰਧੀ ਫ਼ਾਇਦਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਫ਼ਰਕ ਲਈ ਭੁਗਤਾਨ ਕੀਤਾ ਜਾ ਸਕਦਾ ਹੈ।
- ਸਮੇਂ ਦੀ ਜਿਸ ਮਿਆਦ ਲਈ ਦਾਅਵਾ ਕਰਨ ‘ਚ ਦੇਰ ਹੁੰਦੀ ਹੈ (ਕਿਸੇ ਵਾਜਬ ਕਾਰਨ ਤੋਂ ਬਿਨਾਂ)।
- ਜੇਕਰ ਤੁਸੀਂ ਕੋਈ ਗਲਤ ਬਿਓਰਾ ਦਿੰਦੇ ਹੋ ਜਾਂ ਕੋਈ ਭੌਤਿਕ ਤੱਥ ਬਾਰੇ ਸੂਚਨਾ ਦੇਣ ‘ਚ ਨਾਕਾਮਯਾਬ ਰਹਿੰਦੇ ਹੋ। (ਜੇਕਰ ਇਸ ਕਰਕੇ ਫ਼ਾਇਦਿਆਂ ਲਈ ਵਾਧੂ ਭੁਗਤਾਨ ਕੀਤਾ ਜਾਂਦਾ ਹੈ ਕਿਉਂਕਿ ਤੁਸੀਂ ਇਰਾਦਤਨ ਕੋਈ ਭੌਤਿਕ ਤੱਥ ਲੁਕਾਇਆ ਸੀ ਜਾਂ ਕੋਈ ਗਲਤ ਬਿਓਰਾ ਦਿੱਤਾ ਸੀ ਤਾਂ 30 ਫ਼ੀਸਦੀ ਜੁਰਮਾਨਾ ਨਿਰਧਾਰਤ ਕੀਤਾ ਜਾ ਸਕਦਾ ਹੈ।)
- ਜੇਕਰ ਬੇਨਤੀ ਕਰਨ ‘ਤੇ ਤੁਸੀਂ ਕਿਸੇ ਸੁਤੰਤਰ ਡਾਕਟਰੀ ਜਾਂਚ ‘ਚ ਹਾਜ਼ਰ ਹੋਣ ‘ਚ ਨਾਕਾਮਯਾਬ ਰਹਿੰਦੇ ਹੋ। (ਅਜਿਹੀਆਂ ਜਾਂਚਾਂ ਲਈ EDD ਦੁਆਰਾ ਫੀਸ ਦਾ ਭੁਗਤਾਨ ਕੀਤਾ ਜਾਂਦਾ ਹੈ।)

ਕੈਲੀਫ਼ੋਰਨੀਆ ਬੇਰੁਜ਼ਗਾਰੀ ਬੀਮਾ ਕੋਡ ਜੁਰਮਾਨੇ ਮੁਹੱਈਆ ਕਰਦਾ ਹੈ ਜਿਨ੍ਹਾਂ ‘ਚ SDI ਪ੍ਰੋਗਰਾਮ ਦੇ ਖ਼ਿਲਾਫ਼ ਧੋਖੇਬਾਜ਼ੀ ਲਈ ਹਰਜਾਨੇ, ਕੈਦ, ਅਤੇ ਫ਼ਾਇਦੇ ਗੁਆਉਣਾ ਸ਼ਾਮਲ ਹਨ।

**ਤੁਹਾਡੇ ਹੱਕ:** ਤੁਸੀਂ ਇਨ੍ਹਾਂ ਲਈ ਯੋਗ ਹੋ:

- ਤੁਹਾਡੇ ਫ਼ਾਇਦਿਆਂ ਨੂੰ ਪ੍ਰਭਾਵਤ ਕਰਨ ਵਾਲੇ ਕਿਸੇ ਵੀ ਫ਼ੈਸਲੇ ਦਾ ਕਾਰਨ ਅਤੇ ਅਧਾਰ ਜਾਣਨਾ।
- ਫ਼ਾਇਦਿਆਂ ਲਈ ਤੁਹਾਡੀ ਯੋਗਤਾ ਬਾਰੇ ਕਿਸੇ ਵੀ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕਰਨਾ। (ਲਿਖਤੀ ਰੂਪ ‘ਚ DI ਦਫ਼ਤਰ ‘ਚ ਅਪੀਲਾਂ ਭੇਜੀਆਂ ਜਾਣੀਆਂ ਚਾਹੀਦੀਆਂ ਹਨ।)
- ਕਿਸੇ ਪ੍ਰਬੰਧਕੀ ਕਨੂੰਨ ਜੱਜ (ALJ) ਅੱਗੇ ਅਪੀਲ ਦੀ ਸੁਣਵਾਈ ਲਈ ਬੇਨਤੀ ਕਰਨਾ। ਤੁਸੀਂ ਕੈਲੀਫ਼ੋਰਨੀਆ ਬੇਰੁਜ਼ਗਾਰੀ ਬੀਮਾ ਅਪੀਲ ਬੋਰਡ ਅਤੇ ਅਦਾਲਤਾਂ ‘ਚ ALJ ਦੇ ਫ਼ੈਸਲੇ ਦੇ ਖ਼ਿਲਾਫ਼ ਅੱਗੇ ਅਪੀਲ ਕਰ ਸਕਦੇ ਹੋ।
- ਗੁਪਤਤਾ – ਕਨੂੰਨ ਦੁਆਰਾ ਮਨਜ਼ੂਰਸ਼ੁਦਾ ਮਕਸਦਾਂ ਤੋਂ ਇਲਾਵਾ ਦਾਅਵਾ-ਸਬੰਧੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਤੁਹਾਡੀਆਂ ਜ਼ਿੰਮੇਵਾਰੀਆਂ:** ਤੁਹਾਡੀਆਂ ਜ਼ਿੰਮੇਵਾਰੀਆਂ ਹਨ:

- ਆਪਣੇ ਦਾਅਵੇ ਅਤੇ ਦੂਜੇ ਫਾਰਮਸ ਨੂੰ ਸਹੀ, ਸੰਪੂਰਨ, ਅਤੇ ਸੱਚੇ ਢੰਗ ਨਾਲ ਪੂਰਾ ਕਰਨਾ।
- ਆਪਣੇ ਦਾਅਵੇ ਅਤੇ ਦੂਜੇ ਫਾਰਮਸ ਨੂੰ ਫਾਰਮਸ ਦੀ ਸਮੇਂ ਸੀਮਾ ਦੇ ਮੁਤਾਬਕ ਪੇਸ਼ ਕਰਨਾ। ਜੇਕਰ ਤੁਹਾਡਾ ਦਾਅਵਾ ਦੇਰ ਨਾਲ ਪੇਸ਼ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕੋਲ ਦੇਰ ਹੋਣ ਦਾ ਵਾਜਬ ਕਾਰਨ ਹੈ, ਤਾਂ ਤੁਹਾਨੂੰ ਫਾਰਮ ਨਾਲ ਕਾਰਨਾ(ਕਾਰਨਾਂ) ਲਈ ਲਿਖਤੀ ਸਫ਼ਾਈ ਸ਼ਾਮਲ ਕਰਨੀ ਪਵੇਗੀ।
- ਜੇਕਰ ਤੁਹਾਨੂੰ ਕੋਈ ਸਵਾਲ ਜਾਂ ਉਸਦਾ ਜਵਾਬ ਦੇਣ ਦਾ ਤਰੀਕਾ ਸਮਝ ਨਹੀਂ ਆਉਂਦਾ ਤਾਂ ਆਪਣੇ DI ਨਾਲ ਸੰਪਰਕ ਕਰੋ।
- DI ਨੂੰ ਆਪਣੇ ਪੱਤਰਾਂ ‘ਚ ਆਪਣਾ ਨਾਂ ਅਤੇ ਦਾਅਵਾ ਦਾ ਪਛਾਣ ਨੰਬਰ ਸ਼ਾਮਲ ਕਰੋ।

### DI ਨਾਲ ਸੰਪਰਕ ਕਰੋ

- **https://askedd.edd.ca.gov** ‘ਤੇ ਈਮੇਲ ਰਾਹੀਂ।
- ‘ਤੇ ਫ਼ੋਨ ਰਾਹੀਂ:
    - ਅੰਗਰੇਜ਼ੀ 1-800-480-3287
    - ਸਪੇਨਿਸ਼ 1-866-658-8846
- PO Box 13140, Sacramento, CA 95813-3140 ਦੇ ਪਤੇ ‘ਤੇ **ਯੂ.ਐੱਸ. ਮੇਲ** ਰਾਹੀਂ। ਜੇਕਰ ਤੁਹਾਡੇ ਕੋਲ ਮੌਜੂਦਾ ਦਾਅਵਾ ਨਹੀਂ ਹੈ, ਤਾਂ ਤੁਸੀਂ ਕਿਸੇ ਵੀ DI ਦਫ਼ਤਰ ਨੂੰ ਲਿੱਖ ਸਕਦੇ ਹੋ। ਨੋਟ: ਇਸ PO ਬਾਕਸ ਤੇ ਦਾਅਵੇ ਦੇ ਫਾਰਮ ਨਾਂ ਭੇਜੋ।
- 1-800-563-2441 ‘ਤੇ **TTY** (ਸਿਰਫ਼ ਬੋਲ਼ੇ, ਘੱਟ ਸੁਣਨ ਵਾਲੇ ਅਤੇ ਬੋਲਣ ‘ਚ ਤਕਲੀਫ਼ ਵਾਲੇ ਲੋਕਾਂ ਲਈ ਟੈਲੀਟਾਈਪਰਾਈਟਰ) ਰਾਹੀਂ:
- “DI ਦੇ ਦਫ਼ਤਰਾਂ ਦੇ ਅਸਥਾਨ” ਹੇਠ ਸੂਚੀਬੱਧ ਕੀਤੇ ਗਏ DI ਦੇ ਕਿਸੇ ਵੀ ਦਫ਼ਤਰ ‘ਚ **ਵਿਅਕਤਕ ਤੌਰ ‘ਤੇ** ਜਾ ਕੇ।

### ਦੂਜੇ ਕਾਰਜਕ੍ਰਮ

ਜੇਕਰ ਤੁਹਾਨੂੰ ਕੰਮ ਦੀ ਥਾਂ ‘ਤੇ ਸੱਟ ਲੱਗਦੀ ਹੈ ਜਾਂ ਆਪਣੇ ਰੁਜ਼ਗਾਰ ਕਰਕੇ ਬੀਮਾਰ ਹੋ ਜਾਂਦੇ ਹੋ, ਤਾਂ ਆਪਣੇ ਮਾਲਕ ਨੂੰ ਸੂਚਤ ਕਰੋ।

ਜੇਕਰ ਤੁਸੀਂ ਕੰਮ ਕਰਨ ‘ਚ ਸਮਰੱਥ ਅਤੇ ਉਪਲਬਧ ਹੋ ਪਰ ਬੇਰੁਜ਼ਗਾਰ ਹੋ, ਤਾਂ **www.edd.ca.gov/unemployment** ‘ਤੇ ਵੈਬਸਾਈਟ, ਜਾਂ 1-800-300-5616 (TTY 1-800-815-9387) ‘ਤੇ ਫ਼ੋਨ ਰਾਹੀਂ EDD ਦੇ ਬੇਰੁਜ਼ਗਾਰੀ ਬੀਮਾ ਪ੍ਰੋਗਰਾਮ ਨਾਲ ਸੰਪਰਕ ਕਰੋ।

ਜੇਕਰ ਤੁਹਾਨੂੰ ਕੰਮ ਲੱਭਣ, ਕੰਮ ਲਈ ਸਿਖਲਾਈ, ਮੁੜ-ਸਿਖਲਾਈ, ਜਾਂ ਕੰਮ ‘ਤੇ ਵਾਪਸ ਆਉਣ ਲਈ ਦੂਜੀਆਂ ਸੇਵਾਵਾਂ ‘ਚ ਮਦਦ ਦੀ ਲੋੜ ਹੈ, ਤਾਂ **www.servicelocator.org** ‘ਤੇ ਸੂਚੀਬੱਧ ਕੀਤੇ ਗਏ ਆਪਣੇ ਸਥਾਨਕ ਅਮੇਰਿਕਾਜ਼ ਜਾਬ ਸੈਂਟਰ ਆਫ਼ ਕੈਲੀਫ਼ੋਰਨੀਆ℠, ਜਿਸਨੂੰ ਪਹਿਲਾਂ ਵਨ-ਸਟਾਪ ਕਰੀਅਰ ਸੈਂਟਰਸ ਕਿਹਾ ਜਾਂਦਾ ਸੀ, ‘ਚ ਜਾਓ, ਜਾਂ ਆਪਣੀ ਫ਼ੋਨ ਡਾਇਰੈਕਟਰੀ ‘ਚ ਵਾਇਟ ਪੇਜੇਜ਼ ਵੇਖੋ।

ਜੇਕਰ ਤੁਹਾਡੀ ਅਸਮਰੱਥਾ ਸਥਾਈ ਹੈ ਜਾਂ ਇਕ ਜਾਂ ਜ਼ਿਆਦਾ ਸਾਲਾਂ ਤਕ ਜਾਰੀ ਰਹਿਣ ਦੀ ਉਮੀਦ ਹੈ, ਤਾਂ **www.ssa.gov** ‘ਤੇ, ਜਾਂ 1-800-772-1213 (TTY 1-800-325-0778) ‘ਤੇ ਫ਼ੋਨ ਰਾਹੀਂ ਯੂ.ਐੱਸ. ਸਮਾਜਕ ਸੁਰੱਖਿਆ ਪ੍ਰਬੰਧਨ ਨਾਲ ਸੰਪਰਕ ਕਰੋ।

ਜੇਕਰ ਤੁਸੀਂ ਪਰਵਾਰ ਦੇ ਕਿਸੇ ਸਦੱਸ ਦੀ ਦੇਖਭਾਲ ਕਰਨ ਲਈ ਛੁੱਟੀ ਲੈਂਦੇ ਹੋ ਜਾਂ ਜੇਕਰ ਤੁਸੀਂ ਕਿਸੇ ਨਵੇਂ ਬੱਚੇ, ਜਿਸ ‘ਚ ਨਵਾਂ ਗੋਦ ਲਿਆ ਬੱਚਾ, ਨਵੇਂ ਆਏ ਧਰਮ ਦੇ ਬੱਚੇ, ਜਾਂ ਤੁਹਾਡੇ ਪੰਜੀਕ੍ਰਿਤ ਘਰੇਲੂ ਸਾਥੀ ਦੇ ਬੱਚੇ ਸ਼ਾਮਲ ਹਨ, ਨਾਲ ਜੁੜਨ ਲਈ ਛੁੱਟੀ ਲੈਂਦੇ ਹੋ, ਤਾਂ **www.edd.ca.gov/disability** ‘ਤੇ, ਜਾਂ 1-877-238-4373 ‘ਤੇ ਫ਼ੋਨ ਰਾਹੀਂ ਜਾਂ 711 ਤੇ ਕੈਲੀਫੋਰਨੀਆ ਰਿਲੇ ਸੇਵਾਵਾਂ ਦੇ ਜਰੀਏ EDD PFL ਪ੍ਰੋਗਰਾਮ ‘ਚ ਸੰਪਰਕ ਕਰੋ।

**ਨੋਟ:** DI ਫ਼ਾਇਦੇ ਪ੍ਰਾਪਤ ਕਰਨ ਵਾਲੀਆਂ ਨਵੀਆਂ ਮਾਂਵਾਂ ਨੂੰ ਆਪਣੇ ਆਪ ਹੀ ਅੰਤਮ ਫ਼ਾਇਦੇ ਦੇ ਭੁਗਤਾਨ ਨਾਲ ਇਕ PFL ਸਬੰਧ ਦਾਅਵਾ ਫਾਰਮ ਭੇਜ ਦਿੱਤਾ ਜਾਵੇਗਾ।

ਜੇਕਰ ਤੁਸੀਂ ਕਿਸੇ ਜੁਰਮ ਤੋਂ ਪੀੜਤ ਹੋ, ਤਾਂ 1-800-777-9229 (TTY 1-800-735-2929) ‘ਤੇ ਕੈਲੀਫ਼ੋਰਨੀਆ ਪੀੜਤ ਮੁਆਵਜ਼ਾ ਪ੍ਰੋਗਰਾਮ ‘ਚ ਸੰਪਰਕ ਕਰੋ। ਤੁਸੀਂ ਆਪਣੀ ਕਾਉਂਟੀ ਦੇ ਪੀੜਤ/ਗਵਾਹ ਸਹਾਇਤਾ ਕੇਂਦਰ ‘ਚ ਵੀ ਸੰਪਰਕ ਕਰ ਸਕਦੇ ਹੋ।

ਵਿਵਾਹਕ ਜਾਂ ਮਾਂਪਿਆਂ ਦੀ ਦੇਖਭਾਲ ਸਬੰਧੀ ਜ਼ਿੰਮੇਵਾਰੀਆਂ ਬਾਰੇ ਸਵਾਲ ਅਦਾਲਤ ਦਾ ਹੁਕਮ ਜਾਰੀ ਕਰਨ ਵਾਲੀ ਕਾਉਂਟੀ ਲਈ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ‘ਚ ਭੇਜੇ ਜਾਣੇ ਚਾਹੀਦੇ ਹਨ।

ਬੱਚਿਆਂ ਦੀ ਦੇਖਭਾਲ ਸਬੰਧੀ ਜ਼ਿੰਮੇਵਾਰੀਆਂ ਬਾਰੇ ਸਵਾਲ 1-866-901-3212 (TTY 1-866-399-4096) ‘ਤੇ ਬਾਲ ਸਹਾਇਤਾ ਸੇਵਾਵਾਂ ਮਹਿਕਮੇ ‘ਚ ਭੇਜੇ ਜਾਣੇ ਚਾਹੀਦੇ ਹਨ।